ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੋਨੀ,
ਨਵੀਂ ਦਿੱਲੀ। ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2322 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:-**

ਦੋਵੇਂ ਧਿਰਾਂ ਵੱਲੋਂ ਲਗਾਤਾਰ ਤਿੰਨ ਪੇਸ਼ੀਆਂ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ ਮਿਤੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਗਾਤਾਰ ਪੇਸ਼ੀਆਂ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟਰ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 21 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ

ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।

E.mail:-psic23@punjabmail.gov.in. Phone No.0172-2864113

(www.infocommpunjab.com) FaX:0172^2864125,2864110

ਸ਼੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੌਨੀ,
ਨਵੀਂ ਦਿੱਲੀ। ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2323 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:-**

ਦੋਵੇਂ ਧਿਰਾਂ ਵੱਲੋਂ ਲਗਾਤਾਰ ਤਿੰਨ ਪੇਸ਼ੀਆਂ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ ਮਿਤੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਗਾਤਾਰ ਪੇਸ਼ੀਆਂ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟਰ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 21 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੌਨੀ,
ਨਵੀਂ ਦਿੱਲੀ। ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2324 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:-**

ਦੋਵੇਂ ਧਿਰਾਂ ਵੱਲੋਂ ਲਗਾਤਾਰ ਤਿੰਨ ਪੇਸ਼ੀਆਂ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ ਮਿਤੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਗਾਤਾਰ ਪੇਸ਼ੀਆਂ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟਰ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 21 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ੍ਰੀ ਸ਼ਾਹਿਦ ਅਖਤਰ, (98769-229371)
ਵਾਸੀ ਤੀਜੀ ਮੰਜ਼ਿਲ,
ਏ-323, ਡਿਫੈਂਸ ਕਲੌਨੀ,
ਨਵੀਂ ਦਿੱਲੀ। ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਿੰਸੀਪਲ,
ਕੰਨਿਆ ਮਹਾਂ ਵਿਦਿਆਲਿਆ,
ਜਲੰਧਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਧਾਨ, ਕੰਨਿਆ ਮਹਾਂ ਵਿਦਿਆਲਿਆ,
ਮੈਨੇਜਿੰਗ ਕਮੇਟੀ, ਜਲੰਧਰ। ........ ਉੱਤਰਦਾਤਾ

**ਅਪੀਲ ਕੇਸ ਨੰ:2325 ਆਫ਼ 2018**

**ਹਾਜ਼ਰ:**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:-**

ਦੋਵੇਂ ਧਿਰਾਂ ਵੱਲੋਂ ਲਗਾਤਾਰ ਤਿੰਨ ਪੇਸ਼ੀਆਂ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਹੀ ਭੇਜੀ ਗਈ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ ਮਿਤੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਗਾਤਾਰ ਪੇਸ਼ੀਆਂ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟਰ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 21 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗਗਨਦੀਪ ਸਿੰਘ ਜੰਜੂਆ, (97806-43243)
ਪਿੰਡ ਤੂਰਾ, ਡਾਕਖਾਨਾ ਕੁੰਭ,
ਤਹਿਸੀਲ ਅਮਲੋਹ,
ਜ਼ਿਲ੍ਹਾ ਫਤਿਹਗੜ੍ਹ ਸਾਹਿਬ-147301. ........ ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਤਹਿਸੀਲਦਾਰ,
ਸ਼ਹੀਦ ਭਗਤ ਸਿੰਘ ਨਗਰ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਉਪ ਮੰਡਲ ਅਫਸਰ,
ਸ਼ਹੀਦ ਭਗਤ ਸਿੰਘ ਨਗਰ। ........ ਉੱਤਰਦਾਤਾ

**ਅਪੀਲ ਕੇਸ ਨੰ:1944 ਆਫ਼ 2018**

**ਹਾਜ਼ਰ:**

1) ਸ਼੍ਰੀ ਗਗਨਦੀਪ ਸਿੰਘ ਜੰਜੂਆ, ਅਪੀਲਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਰਵਿੰਦਰਜੀਤ ਸਿੰਘ, ਕਲਰਕ (70871-76965) ਦਫ਼ਤਰ ਤਹਿਸੀਲਦਾਰ, ਨਵਾਂ ਸ਼ਹਿਰ।

**ਹੁਕਮ:-**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 20-02-2017 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਤਹਿਸੀਲਦਾਰ ਸ਼ਹੀਦ ਭਗਤ ਸਿੰਘ ਨਗਰ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਅਪੀਲਕਰਤਾ ਨੇ ਪਿੰਡ ਭਾਰਟਾਂ ਕਲਾਂ ਦੇ ਅਵਧੂਤ ਮੰਡਲ ਆਸ਼ਰਮ ਬਾਇਤਮਾਮ ਕਰਪਾਲੂ ਦੇਵ ਆਸ਼ਰਮ ਦੀ ਜਮੀਨ ਦੀ ਅਲਾਟਮੈਂਟ ਦੀ ਕੈਂਸਲੇਸ਼ਨ ਸਬੰਧੀ ਜਾਣਕਾਰੀ ਦੀ ਮੰਗ ਕੀਤੀ ਸੀ। ਫਿਰ ਮਿਤੀ 27-03-2018 ਨੂੰ ਅਪੀਲਕਰਤਾ ਨੇ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ। ਉਸ ਉਪਰੰਤ ਮਿਤੀ 06-06-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ। ਕਮਿਸ਼ਨ ਵੱਲੋਂ ਮਿਤੀ 27-06-2018 ਨੂੰ ਪਹਿਲੀ ਸੁਣਵਾਈ, ਮਿਤੀ 17-07-2018 ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਨੇ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਰਵਿੰਦਰਜੀਤ ਸਿੰਘ, ਕਲਰਕ ਨੇ ਪੱਤਰ ਨੰ:140, ਮਿਤੀ 19-11-2018 ਪੇਸ਼ ਕੀਤਾ ਹੈ ਜਿਸ ਰਾਹੀਂ ਸੂਚਨਾ ਅਪੀਲਕਰਤਾ ਨੂੰ ਅੱਜ ਪੇਸ਼ੀ ਦੌਰਾਨ ਦਸਤੀ ਦੇ ਦਿੱਤੀ ਹੈ ਅਤੇ ਅਪੀਲਕਰਤਾ ਨੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 21 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈਂਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਜਸਬੀਰ ਸਿੰਘ, (98882-96107)
ਵਾਸੀ ਪਿੰਡ ਭੋਲਾਪੁਰ ਝਾਬੇਵਾਲ,
ਡਾਕਖਾਨਾ ਰਾਮਗੜ੍ਹ,
ਜ਼ਿਲ੍ਹਾ ਲੁਧਿਆਣਾ-123455. ..........ਅਪੀਲਕਰਤਾ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਫੂਡ ਸੇਫਟੀ ਅਫਸਰ,
ਦਫਤਰ ਸਿਵਲ ਸਰਜਨ,
ਤਰਨ ਤਾਰਨ।

ਪਹਿਲੀ ਅਪੀਲੀ ਅਥਾਰਟੀ-ਕਮ-
ਸਿਵਲ ਸਰਜਨ,
ਤਰਨ ਤਾਰਨ। ........ ਉੱਤਰਦਾਤਾ

**ਅਪੀਲ ਕੇਸ ਨੰ:1916 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਸ਼੍ਰੀ ਤੇਜਿੰਦਰ ਸਿੰਘ, ਐਡਵੋਕੇਟ।
2) ਉੱਤਰਦਾਤਾ ਵੱਲੋਂ ਸ਼੍ਰੀ ਬਲਦੇਵ ਸਿੰਘ, ਸੀਨੀਅਰ ਸਹਾਇਕ ਦਫਤਰ ਸਿਵਲ ਸਰਜਨ, ਤਰਨ ਤਾਰਨ (81465-58666।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 06-01-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਫੂਡ ਸੇਫਟੀ ਅਫਸਰ,ਦਫਤਰ ਸਿਵਲ ਸਰਜਨ, ਤਰਨ ਤਾਰਨ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਅਪੀਲਕਰਤਾ ਨੇ ਸਿਵਲ ਰਿੱਟ ਪਟੀਸ਼ਨ ਨੰ:2928/2008 ਵਿੱਚ ਮਿਤੀ 30-10-2018 ਨੂੰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋ ਪਾਸ ਕੀਤੇ ਗਏ ਹੁਕਮਾਂ ਤੇ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਮੰਗੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਸੂਚਨਾ ਨਾ ਦੇਣ ਕਾਰਨ ਮਿਤੀ 12-02-2018 ਨੂੰ ਅਪੀਲਕਰਤਾ ਨੇ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਮਿਤੀ 01-06-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਣ ਉਪਰੰਤ ਕਮਿਸ਼ਨ ਵੱਲੋਂ ਮਿਤੀ 27-06-2018 ਨੂੰ ਪਹਿਲੀ ਸੁਣਵਾਈ, ਮਿਤੀ 16-07-2018 ਨੂੰ ਸਵੇਰੇ 11-30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇ ਦੋਵੇਂ ਧਿਰਾਂ ਨੂੰ ਸੁਣਿਆ ਗਿਆ। ਅਪੀਲਕਰਤਾ ਨੇ ਕਿਹਾ ਹੈ ਕਿ ਉਸ ਨੂੰ ਅਜੇ ਤੱਕ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ ਵੱਲੋਂ ਹਾਜ਼ਰ ਸ਼੍ਰੀ ਬਲਦੇਵ ਸਿੰਘ, ਸੀਨੀਅਰ ਸਹਾਇਕ ਦਫਤਰ ਸਿਵਲ ਸਰਜਨ, ਤਰਨ ਤਾਰਨ ਨੇ ਪੇਸ਼ੀ ਦੌਰਾਨ ਅਪੀਲਕਰਤਾ ਨੂੰ ਸੂਚਨਾ ਦਿੱਤੀ ਹੈ। ਇਹ ਵੀ ਵੇਖਿਆ ਗਿਆ ਹੈ ਕਿ ਉੱਤਰਦਾਤਾ ਵੱਲੋਂ ਸਹੀ ਕਰਮਚਾਰੀ ਨੂੰ ਪੇਸ਼ੀ ਤੇ ਨਹੀਂ ਭੇਜਿਆ ਗਿਆ ਕਿਉਂਕਿ ਉਸ ਨੂੰ ਅਪੀਲਕਰਤਾ ਦੀ

ਚਲਦਾ---ਪੰਨਾ/2

**ਅਪੀਲ ਕੇਸ ਨੰ:1916 ਆਫ਼ 2018**

ਆਰ.ਟੀ.ਆਈ. ਬਾਰੇ ਸਹੀ ਜਾਣਕਾਰੀ ਨਹੀਂ ਹੈ ਅਤੇ ਉਸ ਨੇ ਕਮਿਸ਼ਨ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸਖਤ ਤਾੜਨਾ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਕੇਸ ਦੇ ਤੱਥਾਂ ਤੋਂ ਚੰਗੀ ਤਰ੍ਹਾਂ ਜਾਣੂ ਕਰਮਚਾਰੀ ਨੂੰ ਹੀ ਕਮਿਸ਼ਨ ਵਿਖੇ ਪੇਸ਼ੀ ਤੇ ਭੇਜਿਆ ਜਾਵੇ ਤਾਂ ਜ਼ੋ ਬਿਨ੍ਹਾਂ ਕਾਰਨ ਕਮਿਸ਼ਨ ਦਾ ਸਮਾਂ ਬਰਬਾਦ ਨਾ ਹੋਵੇ।

3. ਕਮਿਸ਼ਨ ਵੱਲੋ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਅਪੀਲਕਰਤਾ ਵੱਲੋਂ ਮਿਤੀ 06-01-2018 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਉੱਤਰਦਾਤਾ ਵੱਲੋ ਉਸ ਨੂੰ ਮਿਤੀ 21-11-2018 ਨੂੰ ਸੂਚਨਾ ਮੁਹੱਈਆ ਕਰਵਾਈ ਗਈ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ ਅਪੀਲਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਤੇ ਫਲਸਰੂਪ ਅਪੀਲਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 5000/-ਰੁਪਏ (ਕੇਵਲ ਪੰਜ ਹਜ਼ਾਰ ਰੁਪਏ) ਦੀ ਰਾਸ਼ੀ ਦੀ ਅਪੀਲਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 21 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਪੰਜਾਬ ਰੈੱਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਸ੍ਰੀ ਰਮੇਸ਼ ਕੁਮਾਰ, (9855833536)
ਪਿੰਡ ਦੁੱਧਰਾਈ, ਡਾਕ: ਭਾਲਾਪਿੰਡ,
ਤਹਿ: ਅਜਨਾਲਾ, ਜਿਲ੍ਹਾ ਅੰਮ੍ਰਿਤਸਰ। ----- ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਸੈਕਟਰੀ, ਐਸ.ਐਸ.ਐਸ.ਬੀ, ਪੰਜਾਬ,
ਫੋਰਐਸਟ ਕੰਪਲੈਕਸ, ਸੈਕਟਰ- 68, ਮੋਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਸੈਕਟਰੀ, ਐਸ.ਐਸ.ਐਸ.ਬੀ, ਪੰਜਾਬ,
ਫੋਰਐਸਟ ਕੰਪਲੈਕਸ, ਸੈਕਟਰ- 68, ਮੋਹਾਲੀ। ------ ਉੱਤਰਦਾਤਾ

**ਅਪੀਲ ਕੇਸ ਨੰ:1203 ਆਫ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀ।
2) ਉੱਤਰਦਾਤਾ ਲੋਕ ਸੂਚਨਾ ਅਧਿਕਾਰੀ) ਵੱਲੋਂ ਸ਼੍ਰੀ ਰਾਮ ਲਾਲ ਸਟੈਨੋ (96468-89098)।

**ਹੁਕਮ:-**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 23-06-2017 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਸੈਕਟਰੀ ਐਸ.ਐਸ.ਐਸ.ਬੋਰਡ ਪੰਜਾਬ ਮੋਹਾਲੀ ਨੂੰ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਅਪੀਲਕਰਤਾ ਨੇ 2 ਪੁਆਇੰਟਾਂ ਦੀ ਜਾਣਕਾਰੀ ਦੀ ਮੰਗ ਕੀਤੀ ਸੀ।ਫਿਰ ਮਿਤੀ 25-7-2017 ਨੂੰ ਅਪੀਲਕਰਤਾ ਨੇ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ। ਉਸ ਉਪਰੰਤ ਮਿਤੀ 5-04-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ। ਕਮਿਸ਼ਨ ਵੱਲੋਂ ਮਿਤੀ 01-05-2018 ਨੂੰ ਪਹਿਲੀ ਸੁਣਵਾਈ, ਮਿਤੀ 22-05-2018 ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਅੱਜ ਪੇਸ਼ੀ ਸਮੇਂ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਰਾਮ ਲਾਲ, ਸਟੈਨੋ ਨੇ ਪੱਤਰ ਨੰ:1822-1823 ਮਿਤੀ 08-10-2018 ਦੀ ਦਫ਼ਤਰੀ ਕਾਪੀ ਪੇਸ਼ ਕੀਤੀ ਹੈ ਜਿਸ ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਫੋਨ ਰਾਹੀਂ ਅਪੀਲਕਰਤਾ ਨੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਨੇ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਉਸ ਨੂੰ ਸੂਚਨਾ ਪ੍ਰਾਪਤ ਹੋ ਗਈ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 21 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ

ਪੰਜਾਬ ਰੈੱਡ ਕਰਾਸ ਭਵਨ ਨਜਦੀਕ ਰੋਜ ਗਾਰਡਨ,ਸੈਕਟਰ 16 ਚੰਡੀਗੜ੍ਹ
E-mail :- psic23@punjabmail.gov.in, Phone No. 0172-2864113
(www.infocommpunjab.com) Fax : 0172-2864125,2864110

ਸ੍ਰੀ ਦਾਤਾ ਸਿੰਘ (9501055858)
ਪਿੰਡ ਭੁਟਲ ਖੁਰਦ,ਤਹਿ ਮੂਨਕ,
ਜਿਲਾ ਸੰਗਰੂਰ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ, ਤਹਿਸੀਲਦਾਰ ਮੂਨਕ ।

ਪਹਿਲੀ ਅਪੀਲੀ ਅਥਾਰਟੀ,
ਦਫਤਰ,ਡਿਪਟੀ ਕਮਿਸ਼ਨਰ,ਸੰਗਰੂਰ। ------ਉੱਤਰਦਾਤਾ

**ਅਪੀਲ ਕੇਸ ਨੰ:2097 ਆਫ 2018**

**ਹਾਜ਼ਰ:-**

1) ਅਪੀਲਕਰਤਾ ਵਲੋ ਸ਼੍ਰੀ ਸਚਿਨ ਗੋਇਲ, ਐਡਵੋਕੇਟ (98728-66313।
2) ਉੱਤਰਦਾਤਾ ਵਲੋਂ ਕੋਈ ਨਹੀਂ।

**ਹੁਕਮ:-**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇੱਕ ਬਿਨੈ ਪੱਤਰ ਮਿਤੀ 28-02-2018 ਨੂੰ ਲੋਕ ਸੂਚਨਾ ਅਧਿਕਾਰੀ, ਦਫਤਰ ਕਮਿਸ਼ਨਰ ਪਟਿਆਲਾ ਪੇਸ਼ ਕੀਤਾ ਗਿਆ ਸੀ ਜਿਸ ਰਾਹੀਂ ਅਪੀਲਕਰਤਾ ਨੇ 5 ਨੁਕਤਿਆਂ ਦੀ ਜਾਣਕਾਰੀ ਮੰਗੀ ਸੀ ਜਿਸ ਦੀ ਜਾਣਕਾਰੀ ਲੋਕ ਸੂਚਨਾ ਅਧਿਕਾਰੀ ਵਲੋ ਪੱਤਰ ਨੰ 245 ਮਿਤੀ 20.3.18 ਰਾਹੀਂ ਭੇਜੀ ਗਈ।ਜਿਸ ਤੋ ਅਪੀਲਕਰਤਾ ਸੰਤੁਸ਼ਟ ਨਹੀ ਸੀ।ਫਿਰ ਮਿਤੀ 4-04-2018 ਨੂੰ ਅਪੀਲਕਰਤਾ ਨੇ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ । ਉਸ ਉਪਰੰਤ ਮਿਤੀ 20-06-2018 ਨੂੰ ਅਪੀਲਕਰਤਾ ਨੇ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ। ਕਮਿਸ਼ਨ ਵੱਲੋਂ ਮਿਤੀ 22-08-2018 ਨੂੰ ਪਹਿਲੀ ਸੁਣਵਾਈ, ਮਿਤੀ 26-07-2018 ਲਈ ਨੋਟਿਸ ਜਾਰੀ ਕੀਤਾ ਗਿਆ ਸੀ।ਮਿਤੀ 22.8.2018 ਨੂੰ ਸਰਕਾਰੀ ਗਜ਼ਟਿਡ ਛੁੱਟੀ ਘੋਸ਼ਿਤ ਹੋਣ ਕਾਰਨ ਇਸ ਕੇਸ ਦੀ ਅਗਲੀ ਮਿਤੀ 11.9.2018 ਨੂੰ ਪਾਈ ਗਈ ਸੀ।

2. ਅੱਜ ਪੇਸ਼ੀ ਸਮੇਂ ਅਪੀਲਕਰਤਾ ਵੱਲੋਂ ਹਾਜ਼ਰ ਸ਼੍ਰੀ ਸਚਿਨ ਗੋਇਲ, ਐਡਵੋਕੇਟ ਨੇ ਦੱਸਿਆ ਹੈ ਕਿ ਮੰਗੀ ਗਈ ਸੂਚਨਾ ਉਨ੍ਹਾਂ ਨੂੰ ਅਜੇ ਤੱਕ ਪ੍ਰਾਪਤ ਨਹੀਂ ਹੋਈ। ਉਤਰਦਾਤਾ ਵੱਲੋਂ ਲਗਾਤਾਰ ਤਿੰਨ ਪੇਸ਼ੀਆਂ ਤੇ ਕੋਈ ਵੀ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਉਨ੍ਹਾਂ ਵੱਲੋਂ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਅਪੀਲਕਰਤਾ ਵੱਲੋਂ ਸੂਚਨਾ ਦਾ ਅਧਿਕਾਰ ਐਕਟ 2005 ਅਧੀਨ ਇੱਕ ਬਿਨੈ ਪੱਤਰ, ਮਿਤੀ 28-02-2018 ਨੂੰ ਲੋਕ ਸੂਚਨਾ ਅਧਿਕਾਰੀ ਨੂੰ ਦਿੱਤਾ ਸੀ ਜਿਸ ਰਾਹੀਂ ਅਪੀਲਕਰਤਾ ਨੇ 5 ਪੁਆਇੰਟਾਂ ਦੀ ਜਾਣਕਾਰੀ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ 30 ਦਿਨਾਂ ਦੇ ਅੰਦਰ-ਅੰਦਰ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਦੇਣੀ ਬਣਦੀ ਸੀ। ਪਰੰਤੂ ਲੋਕ ਸੂਚਨਾ ਅਧਿਕਾਰੀ ਵੱਲੋਂ ਲਗਭੱਗ 9 ਮਹੀਨੇ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਅਜੇ ਤੱਕ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ। ਇਸ ਤਰ੍ਹਾਂ

ਚਲਦਾ---ਪੰਨਾ/2

**ਅਪੀਲ ਕੇਸ ਨੰ:2097 ਆਫ 2018**

ਉੱਤਰਦਾਤਦਾ ਨੇ ਕਮਿਸ਼ਨ ਦੇ ਹੁਕਮਾਂ ਦੀ ਕੋਈ ਪ੍ਰਵਾਹ ਨਾ ਕਰਕੇ ਆਪਣੇ ਆਪ ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਇਕਤਰਫ਼ਾ ਕਾਰਵਾਈ ਦਾ ਭਾਗੀ ਬਣਾ ਲਿਆ ਹੈ।

4. ਉਪਰੋਕਤ ਦਰਸਾਈ ਗਈ ਸਥਿਤੀ ਦੇ ਸਨਮੁੱਖ ਸ਼੍ਰੀ ਸੋਭਾ ਸਿੰਘ ਲੋਕ ਸੂਚਨਾ ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਮੂਨਕ, ਜ਼ਿਲ੍ਹਾ ਸੰਗਰੂਰ ਅਤੇ ਸ਼੍ਰੀ ਸੁਰਿੰਦਰ ਸਿੰਘ, ਤਹਿਸੀਲਦਾਰ, ਮੂਨਕ, ਜ਼ਿਲ੍ਹਾ ਸੰਗਰੂਰ ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਤਹਿਤ ਕਾਰਨ-ਦੱਸੋ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਉਹ ਹਲਫੀਆ-ਬਿਆਨ ਰਾਹੀਂ ਕਾਰਨ ਸਪੱਸ਼ਟ ਕਰਨ ਕਿ ਕਿਉਂ ਨਾ ਉਨ੍ਹਾਂ ਨੂੰ ਅਪੀਲਕਰਤਾ ਵੱਲੋਂ ਬਿਨੈ-ਪੱਤਰ ਪੇਸ਼ ਕਰਨ ਦੀ ਮਿਤੀ ਤੋਂ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਮੁਹੱਈਆ ਕਰਨ ਦੀ ਮਿਤੀ ਤੱਕ 250/-ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਪਰ ਵੱਧ ਤੋਂ ਵੱਧ 25,000/-ਰੁਪਏ ਤੱਕ ਜੁਰਮਾਨੇ ਦੀ ਸਜ਼ਾ ਦਿੱਤੀ ਜਾਵੇ।

ਉਕਤ ਤਜਵੀਜ਼ਤ ਸਜ਼ਾ ਦੇਣ ਤੋਂ ਪਹਿਲਾਂ ਸੂਚਨਾ ਦਾ ਅਧਿਕਾਰ ਐਕਟ, 2005 ਦੇ ਭਾਗ 20 (1) ਦੇ ਹੇਠਾਂ ਦਿੱਤੇ ਗਏ ਪ੍ਰੋਵੀਜ਼ੋ ਤਹਿਤ ਸਬੰਧਤ ਅਧਿਕਾਰੀਆਂ ਨੂੰ ਆਪਣਾ ਜਵਾਬ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਉਹ ਨਿਸ਼ਚਿਤ ਮਿਤੀ ਤੋਂ ਪਹਿਲਾਂ ਜਾਂ ਨਿਸ਼ਚਿਤ ਮਿਤੀ ਤੇ ਹਾਜ਼ਰ ਹੋ ਕੇ ਆਪਣਾ ਲਿਖਤੀ ਜਵਾਬ ਪੇਸ਼ ਨਹੀਂ ਕਰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਵੀ ਨਹੀਂ ਕਹਿਣਾ ਚਾਹੁੰਦੇ ਅਤੇ ਐਕਟ ਦੇ ਉਪਬੰਧਾਂ ਤਹਿਤ ਉਨ੍ਹਾਂ ਵਿਰੁੱਧ ਬਣਦੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਲਈ ਮਿਤੀ 14-01-2019 ਨੂੰ ਸਵੇਰੇ 11:30 ਵਜੇ ਲਈ ਨਿਸ਼ਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 21 ਨਵੰਬਰ, 2018.**

**ਕਾਪੀ:-**

(ਰਜਿਸਟਰਡ) (1) ਸ਼੍ਰੀ ਸੋਭਾ ਸਿੰਘ ਲੋਕ ਸੂਚਨਾ ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ, ਮੂਨਕ, ਜ਼ਿਲ੍ਹਾ ਸੰਗਰੂਰ1

(ਰਜਿਸਟਰਡ) (2) ਸ਼੍ਰੀ ਸੁਰਿੰਦਰ ਸਿੰਘ, ਤਹਿਸੀਲਦਾਰ, ਮੂਨਕ, ਜ਼ਿਲ੍ਹਾ ਸੰਗਰੂਰ।

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ੍ਰੀ ਬਲਵਿੰਦਰ ਸਿੰਘ, (94648-13507)
ਪੁੱਤਰ ਸ੍ਰੀ ਦਿਆਲ ਸਿੰਘ,
ਵਾਸੀ ਪਿੰਡ ਬਕੈਣਵਾਲਾ,
ਤਹਿਸੀਲ ਤੇ ਜ਼ਿਲ੍ਹਾ ਫਾਜ਼ਿਲਕਾ। ..........ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਚੇਅਰਮੈਨ,
ਅਧੀਨ ਸੇਵਾਵਾਂ ਚੋਣ ਬੋਰਡ,
ਵਣ ਕੰਪਲੈਕਸ, ਸੈਕਟਰ-68,
ਐਸ.ਏ.ਐਸ. ਨਗਰ( ਮੁਹਾਲੀ)। -----ਉੱਤਰਦਾਤਾ

**ਸ਼ਿਕਾਇਤ ਕੇਸ ਨੰ:924 ਆਫ਼ 2018**

**ਹਾਜ਼ਰ:-**

1) ਸ੍ਰੀ ਬਲਵਿੰਦਰ ਸਿੰਘ, ਸ਼ਿਕਾਇਤਕਰਤਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਰਾਮ ਲਾਲ ਸਟੈਨੋ (96468-89098)।

**ਹੁਕਮ:-**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 13-04-2018, ਲੋਕ ਸੂਚਨਾ ਅਧਿਕਾਰੀ ਦਫ਼ਤਰ ਚੇਅਰਮੈਨ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਇਸ਼ਤਿਹਾਰ ਨੰ:01 ਆਫ਼ 2016 ਰਾਹੀਂ ਆਬਕਾਰੀ ਤੇ ਕਰ ਨਿਰੀਖਕ ਦੀ ਭਰਤੀ ਪ੍ਰਕਿਰਆ-2016 ਵਿੱਚ ਕੁੱਲ ਆਸਾਮੀਆਂ ਦੀ ਗਿਣਤੀ 42 ਵਿੱਚੋਂ ਖਿਡਾਰੀ ਕੈਟਾਗਿਰੀ ਦੀਆਂ ਬਣਦੀਆਂ 2 ਆਸਾਮੀਆਂ ਨੂੰ ਇਸ਼ਤਿਹਾਰ ਵਿੱਚ ਪ੍ਰਕਾਸ਼ਿਤ ਨਾ ਕਰਨ ਨਾਲ ਸਬੰਧਤ 4 ਨੁਕਤਿਆਂ ਬਾਰੇ ਸੂਚਨਾ ਦੀ ਮੰਗ ਕੀਤੀ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-08-2018 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 20-09-2018 ਨੂੰ ਪਹਿਲੀ ਸੁਣਵਾਈ ਮਿਤੀ 15-10-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਪੇਸ਼ੀ ਮਿਤੀ 15-10-2018 ਤੇ ਸ਼ਿਕਾਇਤਕਰਤਾ ਹਾਜ਼ਰ ਹੋਇਆ ਸੀ। ਪਰੰਤੂ ਉੱਤਰਦਾਤਾ ਵੱਲੋਂ ਕੋਈ ਵੀ ਹਾਜ਼ਰ ਨਹੀਂ ਹੋਇਆ ਸੀ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਸੀ ਜਿਸ ਕਰਕੇ ਇਹ ਕੇਸ **ਅਗਲੀ ਸੁਣਵਾਈ ਮਿਤੀ 21-11-2018 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਗਿਆ ਸੀ।

3. ਅੱਜ ਪੇਸ਼ੀ ਸਮੇਂ ਹਾਜ਼ਰ ਸ਼ਿਕਾਇਤਕਰਤਾ ਨੇ ਦੱਸਿਆ ਹੈ ਕਿ ਉਸ ਨੂੰ ਅਜੇ ਤੱਕ ਲੋੜੀਂਦੀ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ੍ਰੀ ਰਾਮ ਲਾਲ ਸਟੈਨੋ ਨੇ ਦੱਸਿਆ ਹੈ ਕਿ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:1/55//2018-3ਅ(ਅਸਚਬ)/2037, ਮਿਤੀ 14-11-2018 ਰਾਹੀਂ ਸ਼ਿਕਾਇਤਕਰਤਾ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ ਕਿ ਉਸ ਵੱਲੋਂ ਮੰਗੀ ਗਈ ਸੂਚਨਾ ਪ੍ਰਸ਼ਨਾਵਲੀ ਦੇ ਰੂਪ ਵਿੱਚ ਹੋਣ ਕਾਰਨ ਆਰ.ਟੀ.ਆਈ.

ਚਲਦਾ---ਪੰਨਾ/2

**ਸ਼ਿਕਾਇਤ ਕੇਸ ਨੰ:924 ਆਫ਼ 2018**

ਐਕਟ ਦੇ ਨਿਯਮਾਂ ਅਧੀਨ ਕਵਰ ਨਾ ਹੋਣ ਕਾਰਨ ਮੁਹੱਈਆ ਨਹੀਂ ਕਰਵਾਈ ਜਾ ਸਕਦੀ। ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਨੂੰ ਦਿੱਤੇ ਗਏ ਜਵਾਬ ਦੀ ਕਾਪੀ ਪੇਸ਼ੀ ਦੌਰਾਨ ਵੀ ਮੁਹੱਈਆ ਕਰ ਦਿੱਤੀ ਗਈ ਹੈ। ਉੱਤਰਦਾਤਾ ਵੱਲੋਂ ਸ਼ਿਕਾਇਤਕਰਤਾ ਨੂੰ ਭੇਜੇ ਗਏ ਜਵਾਬ ਨੂੰ ਕਮਿਸ਼ਨ ਵੱਲੋਂ ਘੋਖਣ ਤੇ ਤਸੱਲੀਬਖਸ਼ ਪਾਇਆ ਗਿਆ ਹੈ।

3. ਕਮਿਸ਼ਨ ਵੱਲੋ ਦਫ਼ਤਰੀ ਰਿਕਾਰਡ ਨੂੰ ਘੋਖਣ ਤੇ ਇਹ ਵੀ ਪਾਇਆ ਗਿਆ ਹੈ ਕਿ ਸ਼ਿਕਾਇਤਕਰਤਾ ਵੱਲੋਂ ਮਿਤੀ 13-04-2018 ਨੂੰ ਆਰ.ਟੀ.ਆਈ. ਅਰਜ਼ੀ ਦਾਇਰ ਕੀਤੀ ਗਈ ਸੀ ਪਰੰਤੂ ਉੱਤਰਦਾਤਾ ਵੱਲੋ ਉਸ ਨੂੰ ਮਿਤੀ 21-11-2018 ਨੂੰ ਸੂਚਨਾ ਮੁਹੱਈਆ ਕਰਵਾਈ ਗਈ ਹੈ ਜਦੋਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਮੁਤਾਬਿਕ ਅਪੀਲਕਰਤਾ ਨੂੰ 30 ਦਿਨਾਂ ਤੇ ਅੰਦਰ-ਅੰਦਰ ਸੂਚਨਾ ਦੇਣੀ ਬਣਦੀ ਸੀ। ਇਸ ਤਰ੍ਹਾਂ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸੂਚਨਾ ਦਾ ਅਧਿਕਾਰ ਐਕਟ, 2005 ਦੀ ਘੋਰ ਉਲੰਘਣਾ ਕੀਤੀ ਗਈ ਹੈ, ਜਿਸ ਤੇ ਫਲਸਰੂਪ ਸ਼ਿਕਾਇਤਕਰਤਾ ਨੂੰ ਮਾਨਸਿਕ ਅਤੇ ਆਰਥਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 19(8)(ਅ) ਤਹਿਤ ਹਦਾਇਤ ਕੀਤੀ ਜਾਂਦੀ ਹੈ ਕਿ ਮੁਆਵਜ਼ੇ ਵਜੋਂ 2000/-ਰੁਪਏ (ਕੇਵਲ ਦੋ ਹਜ਼ਾਰ ਰੁਪਏ) ਦੀ ਰਾਸ਼ੀ ਦੀ ਸ਼ਿਕਾਇਤਕਰਤਾ ਨੂੰ ਬੈਂਕ ਡਰਾਫ਼ਟ ਰਾਹੀਂ ਅਦਾਇਗੀ ਕਰਕੇ ਸਬੂਤ ਵਜੋਂ ਰਸੀਦ ਪੇਸ਼ੀ ਦੀ ਅਗਲੀ ਮਿਤੀ ਤੇ ਕਮਿਸ਼ਨ ਨੂੰ ਪੇਸ਼ ਕੀਤੀ ਜਾਵੇ। ਇਸ ਹਦਾਇਤ ਨਾਲ ਇਹ ਕੇਸ **ਅਗਲੀ ਸੁਣਵਾਈ ਮਿਤੀ** 13-12-2018 **ਨੂੰ ਸਵੇਰੇ** 11-30 **ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 21 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਮਦਨ ਲਾਲ, (98723-67068)
ਪੁੱਤਰ ਸ਼੍ਰੀ ਓਮ ਪ੍ਰਕਾਸ਼,
ਐਮ.ਸੀ.ਬੀ. ਜ਼ੋਨ 2,
ਮਕਾਨ ਨੰ:10803,
ਪਰਿੰਦਾ ਰੋਡ 18,
ਗੁਰੂ ਤੇਗ ਬਹਾਦਰ ਨਗਰ,
ਬਠਿੰਡਾ-151001. ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਕਮਿਸ਼ਨਰ,
ਨਗਰ ਨਿਗਮ, ਬਠਿੰਡਾ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਕਮਿਸ਼ਨਰ,
ਨਗਰ ਨਿਗਮ, ਬਠਿੰਡਾ। .......... ਉੱਤਰਦਾਤਾ

**ਅਪੀਲ ਕੇਸ ਨੰ:2744 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਵੀ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ), ਵੱਲੋਂ ਸ਼੍ਰੀ ਨੀਰਜ ਗਰਗ, ਉਪ ਮੰਡਲ ਅਫਸਰ (98723-10253), ਸ਼੍ਰੀ ਅਭੀਸ਼ੇਕ ਕੁਮਾਰ, ਜੂਨੀਅਰ ਇੰਜੀਨੀਅਰ (86995-19972)।

**ਹਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਕਮਿਸ਼ਨ ਨੂੰ ਈ.ਮੇਲ ਰਾਹੀਂ ਸੂਚਿਤ ਕਰਦੇ ਹੋਏ ਇਹ ਵੀ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਮੰਗੀ ਗਈ ਸੂਚਨਾ ਪ੍ਰਾਪਤ ਨਹੀਂ ਹੋਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਹਾਜ਼ਰ ਸ਼੍ਰੀ ਨੀਰਜ ਗਰਗ, ਉਪ ਮੰਡਲ ਅਫਸਰ ਨੇ ਪੱਤਰ ਨੰ:2992, ਮਿਤੀ 20-11-2018 ਪੇਸ਼ ਕਰਦੇ ਹੋਏ ਦੱਸਿਆ ਹੈ ਕਿ ਇਸ ਪੱਤਰ ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਹਾਜ਼ਰ ਉੱਤਰਦਾਤਾ ਵੱਲੋਂ ਪੇਸ਼ ਕੀਤਾ ਗਿਆ ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਇਸ ਲਈ ਅਪੀਲਕਰਤਾ ਨੂੰ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ ਨੂੰ ਸਿੱਧੇ ਤੌਰ ਤੇ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਹੋ ਸਕੇ।ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 21 ਨਵੰਬਰ, 2018.**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਦਵਿੰਦਰ ਕੁਮਾਰ,
ਪੁੱਤਰ ਸ਼੍ਰੀ ਰਾਮ ਮੂਰਤੀ,
ਪਿੰਡ ਤੇ ਡਾਕਖਾਨਾ ਸਿਧਵਾਂ ਬੇਟ,
ਤਹਿਸੀਲ ਜਗਰਾਓਂ,
ਜ਼ਿਲ੍ਹਾ ਲੁਧਿਆਣਾ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਪ੍ਰਮੁੱਖ ਸਕੱਤਰ,
ਸਥਾਨਕ ਸਰਕਾਰ ਵਿਭਾਗ,
(ਸਥਾਨਕ ਸਰਕਾਰ-2 ਸ਼ਾਖਾ) ਪੰਜਾਬ,
ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਪ੍ਰਮੁੱਖ ਸਕੱਤਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ .......... ਉੱਤਰਦਾਤਾ

**ਅਪੀਲ ਕੇਸ ਨੰ:2756 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਸ਼੍ਰੀ ਜ਼ਸਬੀਰ ਸਿੰਘ, ਸੁਪਰਡੰਟ-ਕਮ- ਲੋਕ ਸੂਚਨਾ ਅਧਿਕਾਰੀ ਦਫ਼ਤਰ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, (98551-37953), ਸ਼੍ਰੀ ਹਰਪ੍ਰੀਤ ਸਿੰਘ ਸੰਧੂ, ਕਾਰਜ ਸਾਧਕ ਅਫਰ, ਨਗਰ ਸੁਧਾਰ ਟਰੱਸਟ, ਲੁਧਿਆਣਾ ਅਤੇ ਸ਼੍ਰੀ ਪਰਮਜੀਤ ਸਿੰਘ, ਸੀਨੀਅਰ ਸਹਾਇਕ (98554-21141)।

**ਹਕਮ:**

ਸ਼੍ਰੀ ਜ਼ਸਬੀਰ ਸਿੰਘ, ਸੁਪਰਡੰਟ-ਕਮ-ਲੋਕ ਸੂਚਨਾ ਅਧਿਕਾਰੀ ਨੇ ਦਫ਼ਤਰ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਕਿਹਾ ਹੈ ਕਿ ਅਪੀਲਕਰਤਾ ਵੱਲੋਂ ਮੰਗੀ ਗਈ ਸੂਚਨਾ ਦਾ ਸਬੰਧ ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ, ਲੁਧਿਆਣਾ ਅਤੇ ਡਾਇਰੈਕਟਰ, ਟਰੱਸਟ ਸਰਵਿਸ ਸੈਂਲ, ਸਥਾਨਕ ਸਰਕਾਰ ਨਾਲ ਹੋਣ ਕਾਰਨ ਉਨ੍ਹਾਂ ਵੱਲੋ ਅਪੀਲਕਰਤਾ ਦੀ ਆਰ.ਟੀ.ਆਈ. ਮਿਤੀ 05-06-2018 ਨੂੰ ਆਰ.ਟੀ.ਆਈ. ਐਕਟ, 2005 ਦੀ ਧਾਰਾ 6(3) ਤਹਿਤ ਉਨ੍ਹਾਂ ਨੂੰ ਤਬਦੀਲ ਕਰ ਦਿੱਤੀ ਗਈ ਸੀ। ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ, ਲੁਧਿਆਣਾ ਵੱਲੌਂ ਹਾਜ਼ਰ ਅਧਿਕਾਰੀ ਨੇ ਦੱਸਿਆ ਹੈ ਕਿ ਉਨ੍ਹਾਂ ਵੱਲੋਂ ਆਪਣੇ ਪੱਤਰ ਨੰ:ਲਟ/ਆਰ.ਟੀ.ਆਈ.11818, ਮਿਤੀ 17-10-2018 ਰਾਹੀਂ ਅਪੀਲਕਰਤਾ ਨੂੰ ਸੂਚਨਾ ਭੇਜੀ ਜਾ ਚੁੱਕੀ ਹੈ। ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋਂ ਅੱਜ ਹਾਜ਼ਰ ਨਾ ਹੋਣ ਬਾਰੇ ਈ.ਮੇਲ ਰਾਹੀਂ ਕਮਿਸ਼ਨ ਨੂੰ ਸੂਚਿਤ ਕਰਦੇ ਹੋਏ ਇਹ ਦੱਸਿਆ ਗਿਆ ਹੈ ਕਿ ਉਸ ਨੂੰ ਅਜੇ ਤੱਕ ਮੁਕੰਮਲ ਸੂਚਨਾ ਪ੍ਰਾਪਤ ਨਹੀਂ ਹੋਈ। ਇਸ ਲਈ ਉਸ ਨੇ ਮੁਕੰਮਲ ਸੂਚਨਾ ਮੁਹੲੀਆ ਕਰਾਉਣ ਲਈ ਬੇਨਤੀ ਕੀਤੀ ਹੈ। ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਉਸ ਨੂੰ ਪ੍ਰਾਪਤ ਹੋਈ ਸੂਚਨਾ ਵਿੱਚ ਕੋਈਆਂ ਤਰੁੱਟੀਆਂ ਪਾਈਆਂ ਜਾਣ ਤਾਂ ਉਨ੍ਹਾਂ ਬਾਰੇ ਲਿਖਤੀ ਰੂਪ ਵਿੱਚ ਲੋਕ ਸੂਚਨਾ ਅਧਿਕਾਰੀ-ਕਮ-ਕਾਰਜ ਸਾਧਕ ਅਫਰ,

ਚਲਦਾ----ਪੰਨਾ/2

**ਅਪੀਲ ਕੇਸ ਨੰ:2756 ਆਫ਼ 2018**

ਨਗਰ ਸੁਧਾਰ ਟਰੱਸਟ ਲੁਧਿਆਣਾ ਨੂੰ ਸੂਚਿਤ ਕੀਤਾ ਜਾਵੇ ਤਾਂ ਜ਼ੋ ਉਨ੍ਹਾਂ ਦੀ ਪੂਰਤੀ ਹੋ ਸਕੇ।ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ** 14-01-2019 **ਨੂੰ ਸਵੇਰੇ** 11-30 **ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ,** 21 **ਨਵੰਬਰ,** 2018.

**ਕਾਪੀ :-**

1) ਲੋਕ ਸੂਚਨਾ ਅਧਿਕਾਰੀ ਦਫ਼ਤਰ ਡਾਇਰੈਕਟਰ, ਸਥਾਨਕ ਸਰਕਾਰ (ਟਰੱਸਟ ਸਰਵਿਸ ਸੈਂਲ), ਪੰਜਾਬ ਚੰਡੀਗੜ੍ਹ; ਅਤੇ
2) ਲੋਕ ਸੂਚਨਾ ਅਧਿਕਾਰੀ ਦਫ਼ਤਰ ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ, ਲੁਧਿਆਣਾ,

ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਕਰਨ ਹਿੱਤ।

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਸਤੀਸ਼ ਕੁਮਾਰ ਭੀਰੀ, ਐਡਵੋਕੇਟ, (94176-12036)
ਨੇੜੇ ਨਹਿਰੂ ਪਾਰਕ, ਜੈਤੋ,
ਜ਼ਿਲ੍ਹਾ ਫਰੀਦਕੋਟ-151202. ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਕਾਰਜ ਸਾਧਕ ਅਫਸਰ,
ਨਗਰ ਕੌਂਸਿਲ, ਜੈਤੋ,
ਫਰੀਦਕੋਟ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ,ਪੰਜਾਬ,
ਫਿਰੋਜ਼ਪੁਰ। .......... ਉੱਤਰਦਾਤਾ

**ਅਪੀਲ ਕੇਸ ਨੰ:2765 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹੁਕਮ:**

ਅਪੀਲਕਰਤਾ ਅੱਜ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਵੀ ਕੋਈ ਹਾਜ਼ਰ ਹੋਇਆ ਅਤੇ ਨਾ ਹੀ ਆਪਣੀ ਗੈਰਹਾਜ਼ਰੀ ਬਾਰੇ ਕਮਿਸ਼ਨ ਨੂੰ ਕੋਈ ਸੂਚਨਾ ਭੇਜੀ ਗਈ ਹੈ ਜਦੋਂ ਕਿ ਜੁਆਇੰਟ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਫਿਰੋਜ਼ਪੁਰ ਵੱਲੋਂ ਆਪਣੇ ਪੱਤਰ ਨੰ:2ਡਡਸਸ-2018/26646-26647, ਮਿਤੀ 02-11-2018 ਰਾਹੀਂ ਉਸ ਨੂੰ ਪੇਸ਼ੀ ਤੇ ਹਾਜ਼ਰ ਹੋਣ ਦੀ ਹਦਾਇਤ ਕੀਤੀ ਗਈ ਸੀ। ਉੱਤਰਦਾਤਾ ਪਿਛਲੀ ਪੇਸ਼ੀ ਤੇ ਵੀ ਹਾਜ਼ਰ ਨਹੀਂ ਹੋਇਆ। ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਆਪਣੇ ਅਧਿਕਾਰੀਆ ਦੇ ਹੁਕਮਾਂ ਦੇ ਬਾਵਜੂਦ ਵੀ ਸੂਚਨਾ ਦਾ ਅਧਿਕਾਰ ਐਕਟਰ, 2005 ਤੇ ਉਪਬੰਧਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ, ਜਿਸ ਦਾ ਕਮਿਸ਼ਨ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਕਰਕੇ ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਨੂੰ ਆਖਰੀ ਮੌਕਾ ਦਿੰਦੇ ਹੋਏ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਦੇ ਬਿਨੈ-ਪੱਤਰ ਅਨੁਸਾਰ, ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧਾਂ ਤਹਿਤ ਬਣਦੀ ਸੂਚਨਾ ਅਪੀਲਕਰਤਾ ਨੂੰ ਪੇਸ਼ੀ ਦੀ ਅਗਲੀ ਮਿਤੀ ਤੋਂ ਪਹਿਲਾਂ-ਪਹਿਲਾਂ ਮੁਹੱਈਆ ਕਰਵਾਈ ਜਾਵੇ ਅਤੇ ਪੇਸ਼ੀ ਦੀ ਮਿਤੀ ਤੇ ਨਿੱਜੀ ਤੌਰ ਤੇ ਹਾਜ਼ਰ ਹੋ ਕੇ ਲਗਾਤਾਰ ਦੋ ਪੇਸ਼ੀਆਂ ਤੇ ਹਾਜ਼ਰ ਨਾ ਹੋਣ ਬਾਰੇ ਸਪੱਸ਼ਟੀਕਰਣ ਵੀ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਵਿਰੁੱਧ ਸੂਚਨਾ ਦਾ ਅਧਿਕਾਰ ਐਕਟਰ, 2005 ਦੇ ਉਪਬੰਧਾਂ ਤਹਿਤ ਬਣਦੀ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਅਪੀਲਕਰਤਾ ਨੂੰ ਵੀ ਆਪਣਾ ਪੱਖ ਪੇਸ਼ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ। ਇਸ ਲਈ ਇਹ ਕੇਸ **ਅਗਲੀ ਸੁਣਵਾਈ ਮਿਤੀ 15-01-2019 ਨੂੰ ਸਵੇਰੇ 11-30 ਵਜੇ** ਲਈ ਨਿਸਚਿਤ ਕੀਤਾ ਜਾਂਦਾ ਹੈ।

**(ਨਿਧੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 21 ਨਵੰਬਰ, 2018.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

ਪੰਜਾਬ ਰਾਜ ਸੂਚਨਾ ਕਮਿਸ਼ਨ
ਰੈੱਡ ਕਰਾਸ ਭਵਨ, ਨਜ਼ਦੀਕ ਰੋਜ਼ ਗਾਰਡਨ, ਸੈਕਟਰ-16, ਚੰਡੀਗੜ੍ਹ।
E.mail:-psic23@punjabmail.gov.in. Phone No.0172-2864113
(www.infocommpunjab.com) FaX:0172^2864125,2864110

ਸ਼੍ਰੀ ਗੁਰਵਿੰਦਰ ਪਾਲ ਸਿੰਘ,
#101, ਨੇੜੇ ਸ਼ਿਵ ਮੰਦਿਰ,
ਬਾਜਵਾ ਕਲੌਨੀ, ਪਟਿਆਲਾ। ..........ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫ਼ਤਰ ਡਾਇਰੈਕਟਰ,
ਸਥਾਨਕ ਸਰਕਾਰ, ਪੰਜਾਬ,
ਚੰਡੀਗੜ੍ਹ।

ਪਹਿਲੀ ਅਪੀਲੀ ਅਥਾਰਟੀ,
ਦਫ਼ਤਰ ਸਕੱਤਰ,
ਸਥਾਨਕ ਸਰਕਾਰ, ਪੰਜਾਬ,
ਚੰਡੀਗੜ੍ਹ। ......... ਉੱਤਰਦਾਤਾ

**ਅਪੀਲ ਕੇਸ ਨੰ:2781 ਆਫ਼ 2018**

**ਹਾਜ਼ਰ:-**

1) ਅਪੀਲਕਰਤਾ ਵੱਲੋਂ ਕੋਈ ਨਹੀਂ।
2) ਉੱਤਰਦਾਤਾ ਵੱਲੋਂ ਵੀ ਕੋਈ ਨਹੀਂ।

**ਹਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-04-2018, ਲੋਕ ਸੂਚਨਾ ਅਧਿਕਾਰੀ ਦਫਤਰ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਆਪਣੀ ਦਰਖਾਸਤ ਮਿਤੀ 30-03-2017 ਤੇ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-06-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 16-08-2018 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 20-08-2018 ਨੂੰ ਪਹਿਲੀ ਸੁਣਵਾਈ ਮਿਤੀ 15-10-2018 ਨੂੰ ਸਵੇਰੇ 11:30 ਵਜੇ ਲਈ ਨੋਟਿਸ ਜਾਰੀ ਕੀਤਾ ਗਿਆ ਸੀ।

2. ਉੱਤਰਦਾਤਾ ਵੱਲੋਂ ਅੱਜ ਕੋਈ ਵੀ ਹਾਜ਼ਰ ਨਹੀਂ ਹੋਇਆ ਪਰੰਤੂ ਉਨ੍ਹਾਂ ਵੱਲੋ ਆਪਣੇ ਪੱਤਰ ਨੰ:08/90//2018-5ਸਸ3/1356360/1, ਮਿਤੀ 20-11-2018 ਰਾਹੀਂ ਕਮਿਸ਼ਨ ਨੂੰ ਸੂਚਿਤ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਅਪੀਲਕਰਤਾ ਨੂੰ ਲੋੜੀਂਦੀ ਸੂਚਨਾ ਭੇਜੀ ਚੁੱਕੀ ਹੈ। ਅਪੀਲਕਰਤਾ ਵੀ ਅੱਜ ਹਾਜ਼ਰ ਨਹੀਂ ਹੋਇਆ ਪਰੰਤੂ ਉਸ ਵੱਲੋ ਵੀ ਆਪਣੇ ਮਿਤੀ 17-10-2018 ਰਾਹੀਂ ਕਮਿਸ਼ਨ ਨੰ ਸੂਚਿਤ ਕੀਤਾ ਗਿਆ ਹੈ ਕਿ ਉਸ ਨੂੰ ਸੂਚਨਾ ਮਿਲ ਗਈ ਹੈ ਅਤੇ ਉਹ ਪ੍ਰਾਪਤ ਸੂਚਨਾ ਤੋਂ ਸੰਤੁਸ਼ਟ ਹੈ ਅਤੇ ਉਸ ਨੇ ਅਪੀਲ ਦਾਖਲ ਦਫਤਰ ਕਰਨ ਲਈ ਬੇਨਤੀ ਕੀਤੀ ਹੈ। ਇਸ ਕਰਕੇ ਇਸ ਕੇਸ ਵਿੱਚ ਕਿਸੇ ਹੋਰ ਕਾਰਵਾਈ ਦੀ ਲੋੜ ਨਹੀਂ ਹੈ। ਇਸ ਲਈ ਅਪੀਲਕਰਤਾ ਵੱਲੋਂ ਕਮਿਸ਼ਨ ਵਿਖੇ ਦਾਇਰ ਕੀਤਾ ਗਿਆ **ਅਪੀਲ ਕੇਸ ਦਾਖਲ ਦਫ਼ਤਰ** ਕੀਤਾ ਜਾਂਦਾ ਹੈ।

(ਨਿਧੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 21 ਨਵੰਬਰ, 2018.** ਰਾਜ ਸੂਚਨਾ ਕਮਿਸ਼ਨਰ, ਪੰਜਾਬ।